5 ਮਈ 2016 ਨੂੰ ਸਕੌਟਿਸ਼ ਪਾਰਲੀਆਮੈਂਟ (ਸੰਸਦ) ਦੀ ਚੋਣ ਵਿੱਚ ਵੋਟ ਪਾਉਣ ਬਾਰੇ ਤੁਹਾਡੀ ਗਾਈਡ

The Electoral Commission

ਕੌਣ ਵੋਟ ਪਾ ਸਕਦਾ ਹੈ?

ਤੁਸੀਂ ਇਸ ਚੋਣ ਵਿੱਚ ਵੋਟ ਪਾ ਸਕਦੇ ਹੋ ਜੇ ਤੁਸੀਂ ਸਕੌਟਲੈਂਡ ਵਿੱਚ ਵੋਟ ਪਾਉਣ ਲਈ ਰਜਿਸਟਰਡ ਹੋ ਅਤੇ ਤੁਸੀਂ **ਵੀਰਵਰ 5 ਮਈ 2016** ਨੂੰ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਵੋਗੇ ਅਤੇ:

- ਤੁਸੀਂ ਬਰਤਾਨਵੀ ਜਾਂ ਆਇਰਿਸ਼ ਨਾਗਰਿਕ ਹੋ, ਜਾਂ
- ਇੱਕ ਕਾਮਨਵੈਲਥ (ਰਾਸ਼ਟਰਮੰਡਲ) ਨਾਗਰਿਕ ਹੋ ਜਿਸ ਨੂੰ ਯੂਕੇ ਵਿੱਚ ਰਹਿਣ ਦੀ ਇਜਾਜ਼ਤ ਹੈ ਜਾਂ ਜਿਸ ਨੂੰ ਯੂਕੇ ਵਿੱਚ ਰਹਿਣ ਲਈ ਇਜਾਜ਼ਤ ਦੀ ਲੋੜ ਨਹੀਂ ਹੈ, ਜਾਂ
- ਤੁਸੀਂ ਕਿਸੇ ਹੋਰ ਯੂਰਪੀਅਨ ਯੂਨੀਅਨ ਦੇਸ਼ ਦੇ ਨਾਗਰਿਕ ਹੋ

ਵਿਦੇਸ਼ਾਂ ਵਿੱਚ ਰਹਿਣ ਵਾਲੇ ਬਰਤਾਨਵੀ ਨਾਗਰਿਕ ਸਕੌਟਿਸ਼ ਪਾਰਲੀਆਮੈਂਟ ਦੀ ਚੋਣ ਵਿੱਚ ਵੋਟ ਨਹੀਂ ਪਾ ਸਕਦੇ ਹਨ।

ਇਹ ਪਹਿਲੀ ਸਕੌਟਿਸ਼ ਪਾਰਲੀਆਮੈਂਟ ਚੋਣ ਹੈ ਜਿਸ ਵਿੱਚ 16 ਅਤੇ 17 ਸਾਲ ਦੀ ਉਮਰ ਵਾਲੇ ਵੋਟ ਪਾਉਣ ਲਈ ਯੋਗਤਾ ਪੂਰੀ ਕਰਦੇ ਹਨ।

ਇਸ ਚੋਣ ਵਿੱਚ ਵੋਟ ਪਾਉਣ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ **ਸੋਮਵਾਰ 18 ਅਪ੍ਰੈਲ 2016** ਨੂੰ ਅੱਧੀ ਰਾਤ ਤੱਕ ਵੋਟ ਪਾਉਣ ਲਈ ਰਜਿਸਟਰਡ ਹੋ ਜਾਣਾ ਚਾਹੀਦਾ ਹੈ। ਇਹ ਅਹਿਮ ਹੁੰਦਾ ਹੈ ਕਿ ਤੁਸੀਂ ਜਲਦੀ ਤੋਂ ਜਲਦੀ ਰਜਿਸਟਰਡ ਹੋ ਜਾਓ ਕਿਉਂਕਿ ਹੋ ਸਕਦਾ ਹੈ ਕਿ ਤੁਹਾਡੇ ਰਜਿਸਟ੍ਰੇਸ਼ਨ ਦਫਤਰ ਨੂੰ ਤੁਹਾਡੇ ਤੋਂ ਕਿਸੇ ਵੀ ਵੇਰਵਿਆਂ ਬਾਰੇ ਪਤਾ ਲਗਾਉਣ ਦੀ ਲੋੜ ਹੋਵੇ।

ਜੇ ਤੁਹਾਨੂੰ ਹਾਲ ਹੀ ਵਿੱਚ ਪੋਲ (ਚੋਣ) ਕਾਰਡ ਪ੍ਰਾਪਤ ਹੋਇਆ ਹੈ ਤਾਂ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ।

ਤੁਹਾਡਾ ਪੋਲ ਕਾਰਡ ਦੱਸਦਾ ਹੈ ਕਿ ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ ਅਤੇ ਜੇ ਤੁਸੀਂ ਰਜਿਸਟਰਡ ਹੋ ਤਾਂ ਤੁਹਾਨੂੰ ਇਹ ਚੋਣ ਤੋਂ ਪਹਿਲਾਂ ਪ੍ਰਾਪਤ ਹੋਵੇਗਾ।

ਵੋਟ ਪਾਉਣ ਲਈ ਔਨਲਾਈਨ ਇਸ ਵੈੱਬਸਾਈਟ 'ਤੇ:
gov.uk/register-to-vote ਜਾਂ **0800 3 280 280**
'ਤੇ ਕਾਲ ਕਰਕੇ ਨਾਂ ਰਜਿਸਟਰ ਕਰੋ

ਮੈਂ ਵੋਟ ਕਿਵੇਂ ਪਾਵਾਂ?

ਵੋਟ ਪਾਉਣ ਦੇ ਤਿੰਨ ਤਰੀਕੇ ਹਨ:

1. ਵੀਰਵਾਰ 5 ਮਈ 2016 ਨੂੰ ਆਪਣੇ ਪੋਲਿੰਗ ਸਟੇਸ਼ਨ 'ਤੇ

ਤੁਹਾਨੂੰ ਪੋਲ ਕਾਰਡ ਭੇਜਿਆ ਜਾਵੇਗਾ ਜੋ ਤੁਹਾਨੂੰ ਇਹ ਦੱਸੇਗਾ ਕਿ ਤੁਹਾਡਾ ਪੋਲਿੰਗ ਸਟੇਸ਼ਨ ਕਿੱਥੇ ਹੈ। ਤੁਹਾਨੂੰ ਵੋਟ ਪਾਉਣ ਲਈ ਆਪਣੇ ਪੋਲ ਕਾਰਡ ਦੀ ਲੋੜ ਨਹੀਂ ਹੁੰਦੀ ਅਤੇ ਜੇ ਤੁਹਾਡੇ ਤੋਂ ਇਹ ਗੁੰਮ ਹੋ ਜਾਂਦਾ ਹੈ, ਜਾਂ ਤੁਹਾਨੂੰ ਇਹ ਪ੍ਰਾਪਤ ਨਹੀਂ ਹੁੰਦਾ, ਤਾਂ ਤੁਸੀਂ ਇਹ ਪਤਾ ਲਗਾਉਣ ਲਈ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰ ਸਕਦੇ ਹੋ ਕਿ ਤੁਹਾਡਾ ਪੋਲਿੰਗ ਸਟੇਸ਼ਨ ਕਿੱਥੇ ਹੈ। **ਪੋਲਿੰਗ ਸਟੇਸ਼ਨ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ।**

2. ਡਾਕ ਰਾਹੀਂ

ਡਾਕ ਰਾਹੀਂ ਵੋਟ ਪਾਉਣ ਵਾਸਤੇ ਦਰਖਾਸਤ ਕਰਨ ਲਈ, ਪੋਸਟਲ (ਡਾਕ ਰਾਹੀਂ) ਵੋਟ ਦਰਖਾਸਤ ਫਾਰਮ ਭਰੋ ਅਤੇ ਇਸ ਨੂੰ ਇਸ ਤਰ੍ਹਾਂ ਆਪਣੇ ਸਥਾਨਕ ਇਲੈਕਟੋਰਲ ਰਜਿਸਟ੍ਰੇਸ਼ਨ ਦਫਤਰ ਨੂੰ ਭੇਜ ਦਿਓ ਕਿ ਇਹ **ਮੰਗਲਵਾਰ 19 ਅਪ੍ਰੈਲ 2016 ਨੂੰ ਸ਼ਾਮ 5 ਵਜੇ ਤੱਕ ਪਹੁੰਚ ਜਾਏ।**

ਤੁਹਾਨੂੰ ਤੁਹਾਡੀਆਂ ਵੋਟ-ਪਰਚੀਆਂ (ਬੈਲਟ ਪੇਪਰ) ਡਾਕ ਰਾਹੀਂ ਮਿਲਣਗੀਆਂ। ਆਪਣੀਆਂ ਵੋਟ-ਪਰਚੀਆਂ ਨੂੰ ਭਰੋ ਅਤੇ ਵਾਪਸ ਭੇਜ ਦਿਓ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਸੀਂ ਐਨਾ ਸਮਾਂ ਦਿੰਦੇ ਹੋ ਜਿਸ ਨਾਲ ਇਹ ਵੀਰਵਾਰ 5 **ਮਈ 2016 ਨੂੰ ਰਾਤ 10 ਵਜੇ ਤੱਕ ਪਹੁੰਚ ਜਾਏ।**

3. ਪ੍ਰਤਿਨਿਧਤਾ (ਪ੍ਰੌਕਸੀ) ਰਾਹੀਂ (ਆਪਣੇ ਕਿਸੇ ਭਰੋਸੇਮੰਦ ਵਿਅਕਤੀ ਨੂੰ ਆਪਣੀ ਤਰਫੋਂ ਵੋਟ ਪਾਉਣ ਦੀ ਇਜਾਜ਼ਤ ਦੇਣੀ)

ਪ੍ਰਤਿਨਿਧਤਾ ਰਾਹੀਂ ਵੋਟ ਪਾਉਣ ਵਾਸਤੇ ਦਰਖਾਸਤ ਦੇਣ ਲਈ ਦਰਖਾਸਤ ਫਾਰਮ ਭਰੋ ਅਤੇ ਇਸ ਨੂੰ ਇਸ ਤਰ੍ਹਾਂ ਆਪਣੇ ਸਥਾਨਕ ਇਲੈਕਟੋਰਲ ਰਜਿਸਟ੍ਰੇਸ਼ਨ ਦਫਤਰ ਨੂੰ ਭੇਜ ਦਿਓ ਕਿ ਇਹ **ਮੰਗਲਵਾਰ 26 ਅਪ੍ਰੈਲ 2016 ਨੂੰ ਸ਼ਾਮ 5 ਵਜੇ ਤੱਕ ਪਹੁੰਚ ਜਾਏ।**

ਕਿਸੇ ਐਮਰਜੈਂਸੀ ਹੋਣ ਦੀ ਸੂਰਤ ਵਿੱਚ ਜਦੋਂ ਤੁਸੀਂ ਵਿਅਕਤੀਗਤ ਰੂਪ ਵਿੱਚ ਪੋਲਿੰਗ ਸਟੇਸ਼ਨ ਨਹੀਂ ਜਾ ਸਕਦੇ ਹੋ, ਤੁਸੀਂ **ਵੀਰਵਾਰ 5 ਮਈ 2016 ਨੂੰ ਸ਼ਾਮ 5 ਵਜੇ** ਤੱਕ ਐਮਰਜੈਂਸੀ ਪ੍ਰਤਿਨਿਧਤਾ ਵੋਟ ਲਈ ਦਰਖਾਸਤ ਦੇ ਸਕਦੇ ਹੋ।

ਡਾਕ ਜਾਂ ਪ੍ਰਤਿਨਿਧਤਾ ਦਰਖਾਸਤ ਫਾਰਮ ਲੈਣ ਬਾਰੇ ਜ਼ਿਆਦਾ ਜਾਣਕਾਰੀ ਵਾਸਤੇ, **aboutmyvote.co.uk** 'ਤੇ ਜਾਓ ਜਾਂ ਸਾਡੀ ਹੈਲਪਲਾਈਨ ਨੂੰ **0800 3 280 280** 'ਤੇ ਕਾਲ ਕਰੋ।

ਮੈਂ ਵੋਟ-ਪਰਚੀਆਂ ਨੂੰ ਕਿਵੇਂ ਭਰਾਂ?

ਤੁਹਾਨੂੰ ਦੋ ਵੋਟ-ਪਰਚੀਆਂ ਮਿਲਣਗੀਆਂ:

ਚੋਣ-ਹਲਕੇ ਲਈ ਵੋਟ-ਪਰਚੀ

(ਸਥਾਨਕ ਖੇਤਰ)

Election of Members of the Scottish Parliament for the [XXXXXXXXXXXXXXX] **Constituency**	
Vote for **only one candidate** by putting a cross in the box next to your choice	✘
Candidate A A Party	
Candidate B B Party	
Candidate C Independent	
Candidate D D Party	
Candidate E Independent	

ਇਸ ਚੋਣ ਪਰਚੀ 'ਤੇ ਤੁਸੀਂ ਆਪਣੇ ਚੋਣ-ਹਲਕੇ ਦੀ ਪ੍ਰਤਿਨਿਧਤਾ ਕਰਨ ਵਾਸਤੇ ਕਿਸੇ ਉਮੀਦਵਾਰ ਨੂੰ ਵੋਟ ਪਾਉਂਦੇ ਹੋ। **ਇੱਕ ਉਮੀਦਵਾਰ** ਦੇ ਨਾਮ ਦੇ ਸਾਹਮਣੇ ਵਾਲੇ ਖਾਨੇ ਵਿੱਚ ਕਾਟੇ ਦਾ ਨਿਸ਼ਾਨ (X) ਲਗਾਓ।

ਖੇਤਰੀ (Regional) ਵੋਟ ਪਰਚੀ

(ਵੱਡਾ ਚੋਣ ਖੇਤਰ)

Election of Members of the Scottish Parliament for the [XXXXXXXXXXXXXXX] **Region**	
Vote **only once** by putting a cross in the box next to your choice	✘
A Party	
B Party	
C Party	
Candidate D Independent	
Candidate E Independent	

ਇਸ ਵੋਟ ਪਰਚੀ 'ਤੇ ਤੁਸੀਂ ਆਪਣੇ ਖੇਤਰ ਦੀ ਪ੍ਰਤਿਨਿਧਤਾ ਕਰਨ ਵਾਸਤੇ ਕਿਸੇ ਪਾਰਟੀ ਜਾਂ ਅਜ਼ਾਦ ਉਮੀਦਵਾਰ ਨੂੰ ਵੋਟ ਪਾਉਂਦੇ ਹੋ। **ਇੱਕ ਪਾਰਟੀ ਜਾਂ ਅਜ਼ਾਦ ਉਮੀਦਵਾਰ** ਦੇ ਨਾਮ ਦੇ ਸਾਹਮਣੇ ਵਾਲੇ ਖਾਨੇ ਵਿੱਚ ਕਾਟੇ ਦਾ ਨਿਸ਼ਾਨ (X) ਲਗਾਓ।

ਸਕੌਟਿਸ਼ ਪਾਰਲੀਆਮੈਂਟ ਦੀ ਚੋਣ

ਵੀਰਵਾਰ 5 ਮਈ 2016 ਨੂੰ, ਸਕੌਟਿਸ਼ ਪਾਰਲੀਆਮੈਂਟ ਲਈ ਚੋਣ ਹੋਵੇਗੀ।

ਸਕੌਟਿਸ਼ ਪਾਰਲੀਆਮੈਂਟ ਕੋਲ ਵੱਖ-ਵੱਖ ਖੇਤਰਾਂ ਵਿੱਚ ਸਕੌਟਲੈਂਡ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਜਿਸ ਵਿੱਚ ਸਿਹਤ, ਸਿੱਖਿਆ, ਰਿਹਾਇਸ਼, ਨਿਆਂ, ਅਤੇ ਵਾਤਾਵਰਣ ਸ਼ਾਮਲ ਹਨ।

ਸਕੌਟਲੈਂਡ ਵਿੱਚ ਰਹਿੰਦੇ ਹਰੇਕ ਵਿਅਕਤੀ ਦੀ ਸਕੌਟਿਸ਼ ਪਾਰਲੀਆਮੈਂਟ ਦੇ ਅੱਠ ਮੈਂਬਰਾਂ (MSPs) ਦੁਆਰਾ ਪ੍ਰਤਿਨਿਧਤਾ ਕੀਤੀ ਜਾਂਦੀ ਹੈ: ਇੱਕ ਉਹਨਾਂ ਦੇ ਚੋਣ ਹਲਕੇ (ਜਾਂ ਸਥਾਨਕ ਖੇਤਰ ਲਈ) ਅਤੇ ਸੱਤ ਵੱਡੇ ਚੋਣ ਖੇਤਰ ਲਈ ਜਿਸ ਵਿੱਚ ਉਹ ਰਹਿੰਦੇ ਹਨ।

ਕੁਲ 129 ਚੁਣੇ ਗਏ MSPs ਹੁੰਦੇ ਹਨ ਜਿਹਨਾਂ ਵਿੱਚ ਸ਼ਾਮਲ ਹਨ:

- 73 ਚੋਣ ਹਲਕਾ MSPs, 73 ਹਲਕਿਆਂ ਵਿੱਚੋਂ ਹਰੇਕ ਲਈ ਇੱਕ
- 56 ਖੇਤਰੀ MSPs, ਸਕੌਟਲੈਂਡ ਵਿੱਚ ਅੱਠ ਚੋਣ ਖੇਤਰਾਂ ਵਿੱਚੋਂ ਹਰੇਕ ਲਈ ਸੱਤ।

ਸਕੌਟਿਸ਼ ਪਾਰਲੀਆਮੈਂਟ ਬਾਰੇ ਜ਼ਿਆਦਾ ਜਾਣਕਾਰੀ ਲਈ,
scottish.parliament.uk 'ਤੇ ਜਾਓ

ਜ਼ਿਆਦਾ ਜਾਣਕਾਰੀ ਕਿਵੇਂ ਲੈਣੀ ਹੈ

ਜੇ ਤੁਹਾਡੇ ਕੋਈ ਸਵਾਲ ਹਨ, ਜਾਂ ਤੁਸੀਂ ਇਸ ਕਿਤਾਬਚੇ ਨੂੰ ਕਿਸੇ ਵੱਖਰੀ ਭਾਸ਼ਾ ਜਾਂ ਵਿਕਲਪਕ (ਬਦਲਵੇਂ) ਫਾਰਮੇਟ ਵਿੱਚ ਲੈਣਾ ਚਾਹੋਗੇ ਤਾਂ **aboutmyvote.co.uk** 'ਤੇ ਜਾਓ ਜਾਂ ਸਾਡੀ ਹੈਲਪਲਾਈਨ **0800 3 280 280** 'ਤੇ ਕਾਲ ਕਰੋ।

@ElectoralCommUK

ਤਸਵੀਰਾਂ ਸਕੌਟਿਸ਼ ਪਾਰਲੀਆਮੈਂਟਰੀ ਕਾਰਪੋਰੇਟ ਬਾਡੀ - 2012
ਓਪਨ ਸਕੌਟਿਸ਼ ਪਾਰਲੀਆਮੈਂਟ ਲਾਇਸੈਂਸ v1.0 ਤਹਿਤ ਲਾਇਸੈਂਸਸ਼ੁਦਾ।

ਇਸ ਨੂੰ ਇਲੈਕਟੋਰਲ ਕਮਿਸ਼ਨ, Lothian Chambers, 59-63 George IV Bridge, Edinburgh EH1 1RN, ਦੁਆਰਾ ਤਿਆਰ ਕੀਤਾ ਗਿਆ ਹੈ।

ਦ ਇਲੈਕਟੋਰਲ ਕਮਿਸ਼ਨ 2016

YOUR VOTE MATTERS
DON'T LOSE IT